ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਸਾਹਿਬਜਾਦਾ ਅਜੀਤ ਸਿੰਘ ਨਗਰ।

(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ.299688/2022115137
ਮਿਤੀ 13-05-2022

ਵਿਸ਼ਾ: ਸਾਬਕਾ ਫੌਜੀਆਂ ਦੇ ਮਾਨ-ਸਨਮਾਨ ਸਬੰਧੀ।

ਹਵਾਲਾ: ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ (ਰੱਖਿਆ ਭਲਾਈ ਸ਼ਾਖਾ) ਦਾ ਪੱਤਰ ਨੰ. DSWD-14/2/2020-2DW/I/253382/2021 ਮਿਤੀ 22.09.2021.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਹਦਾਇਤਾਂ ਦੀ ਪਾਲਣਾ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ: ਉਕਤ ਅਨੁਸਾਰ

13.05.22

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ. ਉਕਤ/2022115138-141 ਮਿਤੀ 13-05-2022

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦ ਹੈ:-

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ/ਐਸਿ), ਪੰਜਾਬ।
4. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

13.05.22

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

981985/2021/RECORD-DPISE

I/253382/2021

File No.DSWD-14/2/2020-2DW

ਪੰਜਾਬ ਸਰਕਾਰ
ਰੱਖਿਆ ਸੇਵਾਵਾਂ ਭਲਾਈ ਵਿਭਾਗ
(ਰੱਖਿਆ ਭਲਾਈ ਸ਼ਾਖਾ)

ਸੇਵਾ ਵਿਖੇ,

1) ਸਮੂਹ ਵਧੀਕ ਮੁੱਖ ਸਕੱਤਰਜ਼, ਵਿੱਤੀ ਕਮਿਸ਼ਨਰਜ਼, ਵਿਸ਼ੇਸ ਮੁੱਖ ਸਕੱਤਰਜ਼, ਪ੍ਰਮੁੱਖ ਸਕੱਤਰਜ਼ ਅਤੇ ਪ੍ਰਬੰਧਕੀ ਸਕੱਤਰਜ਼, ਪੰਜਾਬ ਸਰਕਾਰ।
2) ਸਮੂਹ ਬੋਰਡਜ਼, ਕਾਰਪੋਰੇਸ਼ਨਜ਼, ਖੁੱਦ ਮੁਖਤਿਆਰ ਅਦਾਰੇ ਅਤੇ ਹੋਰ ਅਰਧ ਸਰਕਾਰੀ ਅਦਾਰਿਆਂ ਦੇ ਮੈਨੇਜਿੰਗ ਡਾਇਰੈਕਟਰਜ਼ ਅਤੇ ਮੁੱਖ ਕਾਰਜਕਾਰੀ ਅਫਸਰਜ਼।
3) ਸਮੂਹ ਵਿਭਾਗਾਂ ਦੇ ਮੁਖੀ, ਡਵੀਜਨਾਂ ਦੇ ਕਮਿਸ਼ਨਰਜ਼, ਡਿਪਟੀ ਕਮਿਸ਼ਨਰਜ਼, ਉਪ ਮੰਡਲ ਅਫਸਰਜ਼ (ਸਿਵਲ), ਸੀਨੀਅਨ ਪੁਲਿਸ ਕਪਤਾਨ, ਪੰਜਾਬ ਰਾਜ ਵਿੱਚ।

30/9/21
ਸ੍ਰ (2)

ਮਿਤੀ, ਚੰਡੀਗੜ੍ਹ: 22/09/2021

ਵਿਸ਼ਾ:- ਸਾਬਕਾ ਫੌਜੀਆਂ ਦੇ ਮਾਨ-ਸਨਮਾਨ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਪੰਜਾਬ ਸਰਕਾਰ ਵਲੋਂ ਸਥਾਪਿਤ ਰੱਖਿਆ ਸੇਵਾਵਾਂ ਭਲਾਈ ਵਿਭਾਗ ਦਾ ਮੁੱਢਲਾ ਉਦੇਸ਼ ਸਾਬਕਾ ਫੌਜੀਆਂ ਦੀ ਭਲਾਈ ਹੈ। ਪੰਜਾਬ ਦੇ ਨੌਜਵਾਨਾਂ ਵਲੋਂ ਵੱਡੀ ਗਿਣਤੀ ਵਿੱਚ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੇ ਹਿੱਤਾਂ ਵਾਸਤੇ ਬਹੁਤ ਵੱਡਾ ਯੋਗਦਾਨ ਪਾਇਆ ਜਾਂਦਾ ਹੈ। ਪੰਜਾਬੀ ਫੌਜੀਆਂ ਨੇ ਭਾਰਤ ਦੇਸ਼ ਵਿਰੁੱਧ ਹੋਈਆਂ ਬਹੁਤ ਸਾਰੀ ਲੜਾਈਆਂ ਵਿੱਚ ਜਿੱਤ ਪ੍ਰਾਪਤ ਕਰਕੇ ਦੇਸ਼ ਦੇ ਮਾਨ ਨੂੰ ਵਧਾਇਆ ਹੈ, ਪ੍ਰੰਤੂ ਜ਼ਿਆਦਾਤਰ ਫੌਜੀ ਛੋਟੀ ਉਮਰ ਵਿੱਚ ਫੌਜ ਵਿੱਚੋਂ ਸੇਵਾ ਨਵਿਰਤ ਹੋ ਜਾਂਦੇ ਹਨ ਜਿਸ ਕਾਰਨ ਇਨ੍ਹਾਂ ਨੂੰ ਮੁੜ ਵਸੇਬੇ ਦੀ ਲੋੜ ਪੈਂਦੀ ਹੈ। ਇਨ੍ਹਾਂ ਤੋਂ ਇਲਾਵਾ ਜੰਗੀ ਵਿਧਵਾਵਾਂ, ਨਕਾਰਾ ਫੌਜੀਆਂ ਅਤੇ ਵਿਸ਼ਵ ਯੁੱਧ ਦੇ ਬੇ-ਆਸਰਾ ਫੌਜੀਆਂ ਨੂੰ ਵੀ ਸਹਾਇਤਾ ਅਤੇ ਮਾਨ-ਸਨਮਾਨ ਦੇਣਾ ਬਣਦਾ ਹੈ। ਪੰਜਾਬ ਰਾਜ ਦੇ ਸਾਬਕਾ ਫੌਜੀਆਂ ਨੂੰ ਸੇਵਾ ਨਵਿਰਤੀ ਉਪਰੰਤ ਪੰਜਾਬ ਰਾਜ ਦੀ ਰੈਗੂਲਰ ਸਰਵਿਸ ਵਿੱਚ ਨਿਰਧਾਰਤ ਨਿਯਮਾਂ ਅਨੁਸਾਰ ਭਰਤੀ ਅਤੇ ਪੈਸਕੋ ਰਾਹੀਂ ਆਊਟਸੋਰਸ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ।

3. ਇਹ ਵੇਖਣ ਵਿੱਚ ਆਇਆ ਹੈ ਕਿ ਮੁੜ ਨਿਯੁਕਤ ਹੋਏ ਸਾਬਕਾ ਫੌਜੀ ਕਰਮਚਾਰੀਆਂ ਦੇ ਮਾਨ-ਸਨਮਾਨ ਦਾ ਧਿਆਨ ਨਹੀਂ ਰੱਖਿਆ ਜਾਂਦਾ ਅਤੇ ਕਈ ਵਾਰ ਉਨ੍ਹਾਂ ਦੀ ਨਿਸ਼ਚਿਤ ਡਿਊਟੀ ਤੋਂ ਇਲਾਵਾ ਹੋਰ ਕੰਮ ਵੀ ਕਰਵਾਏ ਜਾਂਦੇ ਹਨ। ਸਾਬਕਾ ਫੌਜੀਆਂ ਵਲੋਂ ਆਪਣੀ ਫੌਜੀ ਸੇਵਾ ਦੌਰਾਨ ਦਿੱਤੀਆਂ ਉੱਤਮ ਸੇਵਾਵਾਂ ਦਾ ਸਤਿਕਾਰ ਕਰਦੇ ਹੋਏ ਬੇਨਤੀ ਹੈ ਕਿ ਮੁੜ ਨਿਯੁਕਤ ਹੋਏ ਸਾਬਕਾ ਫੌਜੀ ਕਰਮਚਾਰੀਆਂ ਨਾਲ ਆਦਰ ਅਤੇ ਸਨਮਾਨ ਨਾਲ ਪੇਸ਼ ਆਇਆ ਜਾਵੇ ਅਤੇ ਨਿਸ਼ਚਿਤ ਡਿਊਟੀ ਤੋਂ ਇਲਾਵਾ ਹੋਰ ਕੋਈ ਕੰਮ ਨਾ ਕਰਵਾਏ ਜਾਣ ਜਿਨ੍ਹਾਂ ਨਾਲ ਉਨ੍ਹਾਂ ਦੇ ਆਤਮ-ਸਨਮਾਨ ਨੂੰ ਠੇਸ ਪਹੁੰਚੇ।

ਯਸ਼ਵੰਤ ਸਿੰਘ
(ਯਸ਼ਵੰਤ ਸਿੰਘ)
ਅਧੀਨ ਸਕੱਤਰ
22/09/2021

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਰੱਖਿਆ ਸੇਵਾਵਾਂ ਭਲਾਈ, ਪੰਜਾਬ।
2. ਮੈਨੇਜਿੰਗ ਡਾਇਰੈਕਟਰ, ਪੰਜਾਬ ਸਾਬਕਾ ਫੌਜੀ ਨਿਗਮ, ਪੰਜਾਬ।

ਯਸ਼ਵੰਤ ਸਿੰਘ
(ਯਸ਼ਵੰਤ ਸਿੰਘ)
ਅਧੀਨ ਸਕੱਤਰ
22/09/2021